**Anti-Racism Policy**

**Information for parents and carers**

# ਨਸਲਵਾਦ ਵਿਰੋਧੀ ਨੀਤੀ

## ਮਾਪਿਆਂ ਅਤੇ ਸ਼ੰਭਾਲਕਾਂ ਲਈ ਜਾਣਕਾਰੀ

ਵਿਦਿਆਰਥੀਆਂ ਦੀ ਭਲਾਈ, ਸਕੂਲ ਵਿੱਚ ਭਾਗੀਦਾਰੀ ਅਤੇ ਸਿੱਖਣ ਦੇ ਨਤੀਜਿਆਂ 'ਤੇ ਨਸਲਵਾਦ ਦਾ ਪ੍ਰਭਾਵ ਪੈਂਦਾ ਹੈ। NSW ਦੇ ਪਬਲਿਕ ਸਕੂਲਾਂ ਵਿੱਚ ਨਸਲਵਾਦ ਅਤੇ ਨਸਲਵਾਦੀ ਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ।

## ਨੀਤੀ ਕਿਸ ਬਾਰੇ ਹੈ?

ਇਹ Anti-Racism Policy (ਨਸਲਵਾਦ ਵਿਰੋਧੀ ਨੀਤੀ) ਸਕੂਲ ਦੇ ਵਾਤਾਵਰਣ ਵਿੱਚ ਸਤਿਕਾਰ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਵਿਦਿਆਰਥੀਆਂ ਲਈ ਉਹਨਾਂ ਦੇ ਸਭਿਆਚਾਰ, ਭਾਸ਼ਾ ਜਾਂ ਧਾਰਮਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਵਿਦਿਅਕ ਮੌਕੇ ਨਿਰਪੱਖ ਹਨ। ਇਹ ਨੀਤੀ:

- ਆਦਿਵਾਸੀ ਲੋਕਾਂ 'ਤੇ ਨਸਲਵਾਦ ਦੇ ਪ੍ਰਭਾਵ ਨੂੰ ਪਛਾਣਦਾ ਹੈ
- ਇਹ ਯਕੀਨੀ ਬਣਾਉਂਦਾ ਹੈ ਕਿ ਸਕੂਲ ਸਾਰੇ ਵਿਦਿਆਰਥੀਆਂ ਤੋਂ ਉੱਚੀਆਂ ਉਮੀਦਾਂ ਰੱਖਦੇ ਹਨ ਅਤੇ ਵਿਦਿਆਰਥੀਆਂ ਦੇ ਕਿਸੇ ਇੱਕ ਸਮੂਹ ਨੂੰ ਉਹਨਾਂ ਦੇ ਸਭਿਆਚਾਰਕ, ਧਾਰਮਿਕ ਜਾਂ ਭਾਸ਼ਾਈ ਪਿਛੋਕੜ ਦੇ ਕਾਰਨ ਉਹਨਾਂ ਦੇ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਨਹੀਂ ਰੋਕਿਆ ਜਾਂਦਾ
- ਸਕੂਲੀ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਉਹਨਾਂ ਦੇ ਆਪਣੇ ਵਿਵਹਾਰ ਬਾਰੇ ਸੋਚਣ ਅਤੇ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹਨਾਂ ਦੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਹੋਰ ਲੋਕ ਨਸਲਵਾਦ ਦਾ ਅਨੁਭਵ ਨਾ ਕਰਨ।
- ਸਾਰੇ ਸਕੂਲ ਦੇ ਕਰਮਚਾਰੀਆਂ (ਸਟਾਫ) ਨੂੰ ਸਿਖਲਾਈ ਪੂਰੀ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਨਸਲਵਾਦ ਨੂੰ ਰੋਕਣ ਲਈ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝ ਸੱਕਣ
- ਹਰੇਕ ਸਕੂਲ ਨੂੰ ਇੱਕ ਸਿਖਿਅਤ ਨਸਲਵਾਦ ਵਿਰੋਧੀ ਸੰਪਰਕ ਅਫਸਰ ਦੀ ਲੋੜ ਹੁੰਦੀ ਹੈ।

## ਨਸਲਵਾਦ ਵਿਰੋਧੀ ਅਫਸਰ ਕੀ ਹੁੰਦਾ ਹੈ?

ਇੱਕ ਨਸਲਵਾਦ ਵਿਰੋਧੀ ਅਫਸਰ (Anti-Racism Contact Officer (ARCO)) ਪ੍ਰਿੰਸੀਪਲ ਦੁਆਰਾ ਨਾਮਜ਼ਦ ਇੱਕ ਅਧਿਆਪਕ ਹੁੰਦਾ ਹੈ ਜੋ ਸਕੂਲ ਵਿੱਚ ਨਸਲਵਾਦ ਵਿਰੋਧੀ ਸਿੱਖਿਆ ਦੀ ਅਗਵਾਈ ਕਰਨ ਵਿੱਚ ਸਹਾਇਤਾ ਕਰਦਾ ਹੈ। ARCO ਹੇਠਾਂ ਦਿੱਤੀਆਂ ਮਿਸਾਲਾਂ ਅਨੁਸਾਰ ਪ੍ਰਿੰਸੀਪਲ ਦੀ ਸਹਾਇਤਾ ਕਰਦਾ ਹੈ:

- ਵਿਦਿਆਰਥੀਆਂ ਦੀ ਸਿੱਖਿਆ ਅਤੇ ਤੰਦਰੁਸਤੀ 'ਤੇ ਨਸਲਵਾਦ ਦੇ ਪ੍ਰਭਾਵ ਬਾਰੇ ਸਕੂਲ ਦੇ ਕਰਮਚਾਰੀਆਂ ਦੀ ਸਮਝ ਨੂੰ ਬਣਾਉਣ ਲਈ ਸਮਰਥਨ
- ਵਿਦਿਆਰਥੀਆਂ ਅਤੇ ਸਟਾਫ ਨੂੰ ਸਲਾਹ ਦੇਣੀ ਕਿ ਜਦੋਂ ਉਹ ਨਸਲਵਾਦ ਦੀਆਂ ਘਟਨਾਵਾਂ ਨੂੰ ਵੇਖਦੇ ਜਾਂ ਸੁਣਦੇ ਹਨ ਤਾਂ ਪ੍ਰਤੀਕਿਰਿਆ ਕਿਵੇਂ ਕਰਨੀ ਹੈ
- ਨਸਲਵਾਦ ਨੂੰ ਹੱਲ ਕਰਨ ਲਈ ਸਕੂਲ ਕਿਹੜੀਆਂ ਰਣਨੀਤੀਆਂ ਲਾਗੂ ਕਰ ਸਕਦਾ ਹੈ ਬਾਰੇ ਸਲਾਹ

ARCO ਨੂੰ ਮਾਪਿਆਂ ਅਤੇ ਸੰਭਾਲਕਾਂ, ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਨਸਲਵਾਦ ਬਾਰੇ complaints (ਸ਼ਿਕਾਇਤਾਂ) ਦੇ ਨਿਪਟਾਰੇ ਦੀ ਪ੍ਰਕਿਰਿਆ ਬਾਰੇ ਸਲਾਹ ਦਿੱਤੀ ਜਾਵੇਗੀ। ਜੇ ਮੰਗ ਕੀਤੀ ਜਾਵੇ ਤਾਂ ARCO ਸ਼ਿਕਾਇਤਾਂ ਦੇ ਨਿਪਟਾਰੇ ਸਮੇਂ ਦੌਰਾਨ ਇੱਕ support person or advocate (ਇੱਕ ਸਹਾਇਕ ਵਿਅਕਤੀ ਜਾਂ ਵਕੀਲ) ਵਜੋਂ ਵੀ ਕੰਮ ਕਰ ਸਕਦਾ ਹੈ।

## ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਮੇਰਾ ਬੱਚਾ ਸਕੂਲ ਵਿੱਚ ਨਸਲਵਾਦ ਦਾ ਅਨੁਭਵ ਕਰ ਰਿਹਾ ਹੈ?

ਜੇ ਤੁਹਾਡਾ ਬੱਚਾ ਸਕੂਲ ਵਿੱਚ ਨਸਲਵਾਦ ਦਾ ਸਾਹਮਣਾ ਕਰ ਰਿਹਾ ਹੈ, ਤੁਹਾਨੂੰ ਉਸ ਨੂੰ ਅਧਿਆਪਕ ਜਾਂ ਸਕੂਲ ਦੇ ਨਸਲਵਾਦ ਵਿਰੋਧੀ ਸੰਪਰਕ ਅਫਸਰ ਨੂੰ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਾਂ ਫਿਰ ਤੁਸੀਂ ਆਪਣੇ ਬੱਚੇ ਦੀ ਤਰਫੋਂ ਇਸ ਦੀ ਰਿਪੋਰਟ ਕਰ ਸਕਦੇ ਹੋ।

## ਮੈਂ ਸਕੂਲ ਵਿੱਚ ਨਸਲਵਾਦ ਬਾਰੇ ਸ਼ਿਕਾਇਤ ਕਿਵੇਂ ਕਰਾਂ?

ਸਕੂਲ ਦੇ ਭਾਈਚਾਰੇ ਦਾ ਕੋਈ ਵੀ ਮੈਂਬਰ, ਜਿਸ ਵਿੱਚ ਮਾਤਾ ਪਿਤਾ ਅਤੇ ਸੰਭਾਲਕ ਅਤੇ ਸਕੂਲ ਕਰਮਚਾਰੀ ਅਤੇ ਵਿਦਿਆਰਥੀ ਵੀ ਸ਼ਾਮਲ ਹਨ, ਨਸਲਵਾਦ ਸਬੰਧੀ make a complaint (ਸ਼ਿਕਾਇਤ ਕਰ ਸਕਦੇ ਹਨ)। ਨਸਲਵਾਦ ਸਬੰਧੀ ਸ਼ਿਕਾਇਤਾਂ ਪ੍ਰਿੰਸੀਪਲਾਂ, ਨਸਲਵਾਦ ਵਿਰੋਧੀ ਸੰਪਰਕ ਅਫਸਰਾਂ, ਜਾਂ ਸਕੂਲ ਦੇ ਕਿਸੇ ਵੀ ਕਰਮਚਾਰੀ ਨੂੰ ਰਿਪੋਰਟ ਕੀਤੀਆਂ ਜਾ ਸਕਦੀਆਂ ਹਨ। ਨਸਲਵਾਦ ਦੀਆਂ ਸ਼ਿਕਾਇਤਾਂ ਦਾ ਪ੍ਰਬੰਧਨ School Community and Consumer Complaint Procedure (ਸਕੂਲ ਕਮਿਯੂਨਿਟੀ ਅਤੇ (ਖਪਤਕਾਰ ਸ਼ਿਕਾਇਤ ਪ੍ਰਕਿਰਿਆ) ਵਿੱਚ ਦਿਤੇ ਸੇਧਾਂ ਅਨੁਸਾਰ ਕੀਤਾ ਜਾਂਦਾ ਹੈ

## ਆਨਲਾਈਨ ਨਸਲਵਾਦ ਬਾਰੇ ਕੀ?

ਸਕੂਲ ਸਬੰਧਤ ਨਸਲਵਾਦ ਜੋ ਆਨਲਾਈਨ ਵਾਪਰਦਾ ਹੈ, ਜਿਵੇਂ ਕਿ ਵਿਅਕਤੀਗਤ ਵਿਦਿਆਰਥੀਆਂ ਜਾਂ ਸਭਿਆਚਾਰਕ ਸਮੂਹਾਂ ਪ੍ਰਤੀ ਨਸਲਵਾਦ ਨੂੰ ਨਿਰਦੇਸ਼ਤ ਕਰਦੇ ਹਨ, ਦੀ ਸਕੂਲ ਨੂੰ ਉਪਰੋਕਤ ਅਨੁਸਾਰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਆਨਲਾਈਨ ਸੁਰੱਖਿਅਤ ਕਿਵੇਂ ਰਹਿਣਾ ਹੈ, ਇਸ ਬਾਰੇ ਸਲਾਹ ਲਈ, ਵੇਖੋ eSafety Commissioner website (eSafety ਕਮਿਸ਼ਨਰ ਦੀ ਵੈਬਸਾਈਟ) 'ਤੇ Online safety (ਆਨਲਾਈਨ ਸੇਫਟੀ)।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਵਧੇਰੇ ਜਾਣਕਾਰੀ ਲਈ ਵੇਖੋ Anti-racism education (ਨਸਲਵਾਦ ਵਿਰੋਧੀ ਸਿਖਿਆ)।

## ਦੁਭਾਸ਼ਿਆਈ ਸਹਾਇਤਾ

ਜੇਕਰ ਤੁਹਾਨੂੰ ਸਕੂਲ ਨਾਲ ਗੱਲ ਕਰਨ ਜਾਂ ਕਿਸੇ ਸਕੂਲ ਦੇ ਕਰਮਚਾਰੀ ਨਾਲ ਮੁਲਾਕਾਤ ਕਰਨ ਲਈ ਕਿਸੇ ਦੁਭਾਸ਼ੀਏ ਦੀ ਲੋੜ ਹੈ  ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਦੁਭਾਸ਼ਿਆਈ ਸੇਵਾ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ।

ਆਪਰੇਟਰ ਨੂੰ ਸਕੂਲ ਦਾ ਨੰਬਰ ਦੱਸੋ ਅਤੇ ਆਪਰੇਟਰ ਸਕੂਲ ਨੂੰ ਫੋਨ ਕਰੇਗਾ ਅਤੇ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਇੱਕ ਦੁਭਾਸ਼ੀਏ ਨੂੰ ਲਿਆਵੇਗਾ।

ਜੇਕਰ ਤੁਹਾਨੂੰ ਸਕੂਲ ਸਟਾਫ ਨਾਲ ਮੀਟਿੰਗਾਂ ਦੌਰਾਨ ਦੁਭਾਸ਼ੀਏ ਦੀ ਲੋੜ ਹੋਵੇ, ਤਾਂ ਸਕੂਲ ਨੂੰ ਇੱਕ ਦੁਭਾਸ਼ੀਏ ਦਾ ਪ੍ਰਬੰਧ ਕਰਨ ਲਈ ਕਹੋ।  ਸਕੂਲ ਉਪਲਬਧਤਾ ਦੇ ਅਧਾਰ 'ਤੇ ਆਨਸਾਈਟ, ਆਨਲਾਈਨ ਜਾਂ ਟੈਲੀਫੋਨ ਦੁਭਾਸ਼ੀਏ ਦਾ ਪ੍ਰਬੰਧ ਕਰੇਗਾ। ਦੁਭਾਸ਼ਿਆਈ ਸੇਵਾਵਾਂ ਦੀ ਵਰਤੋਂ ਲਈ ਤੁਹਾਡੇ ਕੋਲੋਂ ਕੋਈ ਖਰਚਾ ਨਹੀਂ ਲਿਆ ਜਾਵੇਗਾ।